Surrey Schools
LEADERSHIP IN LEARNING

Tel: 604.596.7733
www.surreyschools.ca

# ਸਰ੍ਹੀ ਸੁਰਿਖਅਤ ਸਕੂਲਾਂ ਦਾ ਵਿਭਾਗ

## Surrey Safe Schools

### ਮਾਪਿਆਂ ਲਈ ਵੱਖ ਵੱਖ ਸਾਧਨ

ਸਰ੍ਹੀ ਸਕੂਲ ਡਿਸਟਰਿਕਟ ਬਚਨ ਵੰਧ ਹੈ ਸੁਰਿਖਅਤ ਅਤੇ ਦੇਖ ਰੇਖ ਵਾਲਾ ਵਾਤਾਵਰਨ ਦਾ ਸਬੰਧ ਕਰਨ ਲਈ ਜਿਥੇ ਸਾਰੇ ਵਿਦਿਆਰਥੀ ਵਿਦਿਆ ਵਿੱਚ ਪ੍ਰਫੁਲੱਤਾ, ਆਪਣੇ ਨਿਜੀ ਪਨ ਵਿੱਚ ਵਿਕਾਸ ਅਤੇ ਜ਼ਿਮੇਵਾਰ ਨਾਗਰਿਕ ਬਣ ਸਕਣ ।

## ਮਾਪਿਆਂ ਦੀ ਸਲਾਹਕਾਰ ਕਮੇਟੀ (ਪੀ.ਏ.ਸੀ)

ਸਰ੍ਹੀ ਦੇ ਸੁਰਿਖਅਤ ਸਕੂਲਾਂ ਦਾ ਵਿਭਾਗ ਮਾਪਿਆਂ ਦੀਆਂ ਸਲਾਹਕਾਰ ਕਮੇਟੀਆਂ ਲਈ ਕਈ ਤਰਾਂ ਦੇ ਪ੍ਰੋਗਰਾਮ ਪ੍ਰਦਾਨ ਕਰਦਾ ਹੈ । ਇਹ ਕਮੇਟੀਆਂ ਇਸ ਵਿਭਾਗ ਰਾਹੀਂ ਇਹਨਾਂ ਵਿਸ਼ਿਆਂ ਉਪਰ ਮਦਦ ਲਈ ਬੁਲਾਰੇ ਬੁਲਾ ਸਕਦੀਆਂ ਹਨ: ਨੋਜਵਾਂਨਾਂ ਦੀਆਂ ਗੈਂਗਾਂ ਜਾਂ ਜੁੰਡਲੀਆਂ ਲਈ, ਨਸ਼ਿਆਂ ਦੀ ਵਰਤੋਂ ਵਿਰੁੱਧ, ਇਨੰਟਰਨੈੱਟ ਸਬੰਧੀ, ਗੁੰਡਾ ਗਰਦੀ , ਨਸਲਵਾਦ, ਤੇਜ਼ ਰਫਤਾਰ ਨਾਲ ਗੱਡੀਆਂ ਚਲਾਓਣਾ, ਅਪਰਾਧ ਤੋਂ ਬਚਾਓ ਅਤੇ ਲਿੰਗੀ ਲੁੱਟ ਖਸੁੱਟ ਤੋਂ ਬਚਾਓ ਲਈ ।

## ਵੱਖ ਵੱਖ ਪ੍ਰੋਗਰਾਮ

**ਪਹਿਲਾ ਸੱਟੈਪ (ਫ੍ਰਸਟ ਸੱਟੈਪ):** ਇਹ 12 ਹਫਤਿਆਂ ਦਾ ਕਲਾਸ ਵਿੱਚ ਚਲਦਾ, ਬੱਚਿਆਂ ਨੂੰ ਗੁੰਡਾ ਗਰਦੀ ਤੋਂ ਬਚਾਓਣ ਲਈ ਪਰਾਇਮਰੀ ਸਕੂਲ ਦੇ ਬੱਚਿਆਂ ਲਈ ਪਰੋਗਰਾਮ ਹੈ । ਇਸ ਰਾਹੀਂ 6 ਅਤੇ 7ਵੀ ਦੇ ਵਿਦਿਆਰਥੀਆਂ ਨੂੰ ਗੈਂਗਾ ਤੋਂ ਬਚਣ ਲਈ ਜਾਣਕਾਰੀ ਅਤੇ ਰੋਕ ਥਾਮ ਲਈ ਸਿੱਖਿਆ ਦਿੱਤੀ ਜਾਂਦੀ ਹੈ । ਮਾਪਿਆਂ ਨੂੰ ਵੀ ਇਸ ਪ੍ਰੋਗਰਾਮ ਰਾਂਹੀਂ ਬੱਚਿਆਂ ਨੂੰ ਸਿੱਖਿਆ ਦੇਣ ਲਈ ਓਤਸ਼ਾਹਿਤ ਕੀਤਾ ਜਾਂਦਾ ਹੈ। ਬੱਚਿਆਂ ਸਮੇਤ ਸਾਰੇ ਰਲ ਕਿ ਇੱਕ ਸ਼ਾਮ ਨੂੰ ਇਸ ਪ੍ਰੋਗਰਾਮ ਨੂੰ ਸਮਾਪਤ ਕਰਦੇ ਹਨ ।

**ਨੌਜਵਾਨ ਡਾਇਵਰਸਿਟੀ ਸੰਬਧੀ**: ਇਹ ਪ੍ਰੋਗਰਾਮ ਓਹਨਾਂ ਨੌਜਵਾਨ ਬੱਚਿਆਂ ਲਈ ਜੋ ਖਤਰਨਾਕ ਵਿਹਾਰ ਦਿਖਾ ਰਹੇ ਹੋਣ । ਇਸ ਵਿਭਾਗ ਦੇ ਕਰਮਚਾਰੀ ਮਾਪਿਆਂ ਨਾਲ ਮਿਲ ਕਿ, ਘਰ ਆ ਕਿ ਬੱਚੇ ਅਤੇ ਪ੍ਰੀਵਾਰ ਦੀ ਮਦਦ ਲਈ ਪ੍ਰੋਗਰਾਮ ਨੀਯਤ ਕਰਦੇ ਹਨ ।

**ਸਰ੍ਹੀ ਰੈਪ** : ਇਹ ਪ੍ਰੋਗਰਾਮ ਓਹਨਾਂ ਬੱਚਿਆਂ ਲਈ ਹੈ ਜੋ ਗੈਂਗਾਂ ਜਾਂ ਜੁੰਡਲੀਆਂ ਵਿੱਚ ਫਸ ਚੁੱਕੇ ਹਨ । ਇਸ ਪ੍ਰੋਗਰਾਮ ਰਾਹੀਂ ਪ੍ਰੀਵਾਰਾਂ ਅਤੇ ਬੱਚਿਆਂ ਲਈ ਖਤਰਨਾਕ ਵਿਹਾਰਾਂ ਤੋਂ ਬਚਣ ਲਈ ਓਪਾਓ ਪੇਸ਼ ਕੀਤੇ ਜਾਂਦੇ ਹਨ ।

**ਨਸ਼ਿਆਂ ਦੀ ਵਰਤੋਂ ਸਬੰਧੀ**: ਇਸ ਪ੍ਰੋਗਰਾਮ ਰਾਹੀਂ ਨਸ਼ਿਆਂ ਦੀ ਵਰਤੋਂ ਵਾਲੇ ਬੱਚਿਆਂ ਅਤੇ ਓਹਨਾਂ ਦੇ ਪ੍ਰੀਵਾਰਾਂ ਨਾਲ ਮਿਲ ਕਿ ਬੱਚਿਆਂ ਦੇ ਓਪਾਓ ਲਈ ਪਰੋਗਰਾਮ ਨਿਯੁਕਤ ਕੀਤੇ ਜਾਂਦੇ ਹਨ। ਇਸ ਨਾਲ ਪ੍ਰੀਵਾਰਾਂ ਨੂੰ ਵੀ ਮਦਦ ਮਿਲਦੀ ਹੈ ਜਿਸ ਵਿੱਚ ਦੱਸਿਆ ਜਾਂਦਾ ਹੈ ਕਿ ਬੱਚੇ ਨਾਲ ਕਿਸ ਤਰਾਂ ਪੇਸ਼ ਆਇਆ ਜਾਏ ਅਤੇ ਕਿਸ ਤਰਾਂ ਰੋਕ ਥਾਮ ਕੀਤੀ ਜਾ ਸਕੇ ।

**ਆਈ ਆਰ 3:** ਇਹ ਪ੍ਰੋਗਰਾਮ ਓਹਨਾਂ ਬੱਚਿਆਂ ਲਈ ਜੋ ਸਕੂਲ ਤੋਂ ਮੁਅਤੱਲ ਕਰ ਦਿੱਤੇ ਜਾਂਦੇ ਹਨ । ਬੱਚਿਆਂ ਨੂੰ ਵਧੀਆ ਵਿਹਾਰਾਂ ਅਤੇ ਵਧੀਆ ਫੈਸਲੇ ਕਰਨ ਲਈ ਸਿੱਖਿਆ ਦਿੱਤੀ ਜਾਂਦੀ ਹੈ । ਹਰ ਮਹੀਨੇ ਮੀਟਿੰਗਾਂ ਵਿੱਚ ਮਾਪਿਆਂ ਨੂੰ ਬੁਲਾ ਕਿ ਸੁਝਾਅ ਦਿੱਤੇ ਜਾਂਦੇ ਹਨ ਕਿ ਓਹ ਕਿਸ ਤਰਾਂ ਬੱਚਿਆਂ ਦੀ ਮਦਦ ਕਰ ਸਕਦੇ ਹਨ, ਲਾਭਵੰਦ ਫੈਸਲੇ ਕਰਨ ਵਿੱਚ ।

**ਪੀ.ਐਸ.ਐਸ. ਟੀ ਵੈਬੱ ਸਾਈਟ**: ਇਹ ਬੀ.ਸੀ. ਲਾਇਨਜ਼ ਰਾਂਹੀਂ ਸਮਰਥਣ ਕੀਤੀ ਵੈਬੱ ਸਾਈਟ ਹੈ ਜੋ ਪੁਲੀਸ ਅਤੇ ਡਿਸਟਰਿਕਟ ਦੇ ਕਰਮਚਾਰੀਆਂ ਰਾਂਹੀਂ ਚਲਾਈ ਜਾਂਦੀ ਹੈ । ਇਥੇ ਬੱਚੇ ਆਪਣੇ ਵਿਚਾਰ ਸਾਂਝੇ ਕਰ ਸਕਦੇ ਹਨ ਜੋ ਸਕੂਲਾਂ ਦੀ ਸੁਰਖਿਆ ਸਬੰਧੀ ਹੋਣ । ਮਾਪਿਆਂ ਨੂੰ ਵੀ ਇਸ ਸਾਈਟ ਓਪਰ ਜਾਣ ਨਾਲ ਕਈ ਤਰਾਂ ਦੀ ਜਾਣਕਾਰੀ ਮਿਲਦੀ ਹੈ ਜੋ ਕਈਆਂ ਖੇਤਰਾਂ ਵਿੱਚ ਲਾਭਦਾਇਕ ਹੈ ।

**ਤੁਸੀਂ ਇਹਨਾਂ ਦੋ ਕਰਮਚਾਰੀਆਂ ਨੂੰ ਹੋਰ ਜਾਣਕਾਰੀ ਲਈ ਫੋਨ ਕਰ ਸਕਦੇ ਹੋ: ਟਰੀਸਾ ਕੈਂਬਲ ਅਤੇ ਰੌਬ ਰਾਇ_ 604-595-6195**